OFFICE OF THE
BRITISH COLUMBIA CONTAINER
TRUCKING COMMISSIONER

20 ਦਸੰਬਰ, 2018

# ਟੈਗ ਮੈਨੇਜਮੈਂਟ ਪਾਲਸੀ ਦਾ ਰਿਵੀਊ – ਲਿਖਤੀ ਬਿਆਨ ਦੇਣ ਦੀ ਤਾਰੀਕ ਵਿਚ ਵਾਧਾ

7 ਨਵੰਬਰ, 2018 ਨੂੰ ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (ਓ ਬੀ ਸੀ ਸੀ ਟੀ ਸੀ) ਨੇ ਆਪਣੀ ਟੈਗ ਮੈਨੇਜਮੈਂਟ ਪਾਲਸੀ ਦਾ ਰਿਵੀਊ ਕਰਨ ਦੇ ਹਿੱਸੇ ਵਜੋਂ ਇਕ ਬੁਲੇਟਿਨ ਜਾਰੀ ਕਰਕੇ ਲਿਖਤੀ ਵਿਚਾਰ ਮੰਗੇ ਸਨ। ਜਿਵੇਂ ਕਿ ਬੁਲੇਟਿਨ ਵਿਚ ਦੱਸਿਆ ਗਿਆ ਸੀ, ਓ ਬੀ ਸੀ ਸੀ ਟੀ ਸੀ ਪਾਲਸੀ ਦਾ ਰਿਵੀਊ ਕਰ ਰਿਹਾ ਹੈ ਜਿਸ ਵਿਚ ਖਾਸ ਧਿਆਨ ਪਾਲਸੀ ਵਿਚ ਸੋਧਾਂ ਕਰਨ ਲਈ ਉਨ੍ਹਾਂ ਚੋਣਾਂ ਉੱਪਰ ਦਿੱਤਾ ਗਿਆ ਹੈ ਜਿਹੜੀਆਂ ਆਈ/ਓ ਦੀ ਜ਼ਿਆਦਾ ਮੂਵਮੈਂਟ ਕਰਵਾਉਣ ਅਤੇ ਵਾਧੂ ਟਰੱਕ ਟੈਗ ਐਪਲੀਕੇਸ਼ਨ ਅਤੇ ਟਰੱਕ ਟੈਗ ਦੀ ਵਾਪਸੀ ਦੇ ਤਰੀਕਿਆਂ ਵਿਚ ਸੁਧਾਰ ਕਰਨ। ਧਿਆਨ ਸੁਧਾਰਾਂ ਦੀਆਂ ਉਨ੍ਹਾਂ ਚੋਣਾਂ ਵੱਲ ਵੀ ਦਿੱਤਾ ਜਾ ਰਿਹਾ ਹੈ ਜਿਹੜੀਆਂ ਅਜਿਹੇ ਟੈਗ ਸਿਸਟਮ ਦੀ ਮਦਦ ਕਰਦੀਆਂ ਹੋਣ ਜਿਹੜਾ ਵੈਨਕੂਵਰ ਪੋਰਟ ਅਤੇ ਓ ਬੀ ਸੀ ਸੀ ਟੀ ਸੀ ਦੋਨਾਂ ਦੇ ਆਦੇਸ਼ ਨੂੰ ਸੰਤੁਸ਼ਟ ਕਰਦਾ ਹੈ।

ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ ਉੱਪਰ ਇਕ ਜਾਂ ਜ਼ਿਆਦਾ ਟਰਮਜ਼ ਔਫ ਰੈਫਰੈਂਸ ਬਾਰੇ ਲਿਖਤੀ ਵਿਚਾਰ ਦੇਣ ਦੀ ਅੰਤਿਮ ਤਾਰੀਕ 14 ਦਸੰਬਰ, 2018 ਸੀ।

ਹਿੱਤ ਰੱਖਣ ਵਾਲੀਆਂ ਜ਼ਿਆਦਾ ਧਿਰਾਂ ਤੋਂ ਲਿਖਤੀ ਵਿਚਾਰ ਲੈਣ ਦੀ ਕੋਸ਼ਿਸ਼ ਵਿਚ, **ਓ ਬੀ ਸੀ ਸੀ ਟੀ ਸੀ ਲਿਖਤੀ ਵਿਚਾਰ ਮਿਲਣ ਦੀ ਆਪਣੀ ਅੰਤਿਮ ਤਾਰੀਕ ਵਧਾ ਕੇ 1 ਫਰਵਰੀ, 2019 ਕਰ ਰਿਹਾ ਹੈ।** ਦਿਲਚਸਪੀ ਰੱਖਦੀਆਂ ਸਾਰੀਆਂ ਧਿਰਾਂ ਨੂੰ ਲਿਖਤੀ ਵਿਚਾਰ ਦੇਣ ਲਈ ਸੱਦਾ ਅਤੇ ਉਤਸ਼ਾਹ ਦਿੱਤਾ ਜਾਂਦਾ ਹੈ ਜਿਨ੍ਹਾਂ ਵਿਚ ਡਰਾਈਵਰ ਵੀ ਸ਼ਾਮਲ ਹਨ।

ਕਿਰਪਾ ਕਰਕੇ ਓ ਬੀ ਸੀ ਸੀ ਟੀ ਸੀ ਨੂੰ ਆਪਣੇ ਲਿਖਤੀ ਵਿਚਾਰ ਇਸ ਈਮੇਲ ਐਡਰੈਸ ’ਤੇ ਭੇਜੋ:
Registrar@obcctc.ca

ਸੱਚੇ ਦਿਲੋਂ,

**ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫਰਡ
ਕਮਿਸ਼ਨਰ